ਇਹ ਤੱਥ ਸ਼ੀਟ ਕੇਵਲ ਆਮ ਜਾਣਕਾਰੀ ਦੇਣ ਦੇ ਮੰਤਵ ਨਾਲ ਲਿਖੀ ਗਈ ਹੈ। ਇਹ ਕੋਈ ਕਾਨੂੰਨੀ ਦਸਤਾਵੇਜ਼ ਨਹੀਂ। ਅਰਥਾਂ ਅਤੇ ਕਾਨੂੰਨ ਦੇ ਢੁਕਵੇਂਪਣ ਦੇ ਮੰਤਵ ਲਈ ਕਿਰਪਾ ਕਰਕੇ *ਵਰਕਰਜ਼ ਕੰਪੈਂਸੇਸ਼ਨ ਐਕਟ ਐਂਡ ਰੀਹੈਬਲੀਟੇਸ਼ਨ ਸਰਵਿਸਿਜ਼ ਐਂਡ ਕਲੇਮ ਮੈਨੂਅਲ ਵਾਲੀਯੂਮ 1 ਅਤੇ 2* ਵੇਖੋ।

FactSheet #7.
Edition #1.

# ਵਰਕਸੇਫ਼ਬੀਸੀ ਦੇ ਕੰਪੈਨਸੇਸ਼ਨ ਜਾਂ ਬਹਾਲੀ ਦੇ ਫ਼ੈਸਲਿਆਂ ਦੀ ਨਜ਼ਰਸਾਨੀ

# REVIEWS OF WORKSAFEBC COMPENSATION OR REHABILITATION DECISIONS

ਜੇ ਤੁਹਾਡੇ ਕਲੇਮ ਦਾ ਫ਼ੈਸਲਾ ਵਰਕਸੇਫ਼ਬੀਸੀ ਨੇ ਕੀਤਾ ਹੈ ਤਾਂ ਤੁਹਾਡਾ ਇਹ ਹੱਕ ਬਣਦਾ ਹੈ ਕਿ ਤੁਹਾਨੂੰ ਫ਼ੈਸਲੇ ਦੀ ਚਿੱਠੀ ਮਿਲੇ। ਜੇ ਤੁਹਾਨੂੰ ਫ਼ੈਸਲੇ ਦੀ ਲਿਖਤੀ ਚਿੱਠੀ ਨਹੀਂ ਮਿਲੀ ਤਾਂ ਤੁਸੀਂ ਵਰਕਸੇਫ਼ਬੀਸੀ ਨੂੰ ਫੋਨ ਕਰਕੇ ਫ਼ੈਸਲੇ ਦੀ ਚਿੱਠੀ ਮੰਗ ਸਕਦੇ ਹੋ।

ਜ਼ਿਆਦਾਤਰ ਮਾਮਲਿਆਂ ਵਿੱਚ ਜੇਕਰ ਤੁਸੀਂ ਆਪਣੇ ਕਲੇਮ ਸਬੰਧੀ ਵਰਕਸੇਫ਼ਬੀਸੀ ਦੇ ਫ਼ੈਸਲੇ ਨਾਲ ਸਹਿਮਤ ਨਹੀਂ ਤਾਂ ਰਿਵੀਊ ਡਿਵੀਜ਼ਨ ਕੋਲ ਫ਼ੈਸਲੇ ਦੀ ਨਜ਼ਰਸਾਨੀ ਲਈ ਬੇਨਤੀ ਕਰ ਸਕਦੇ ਹੋ।

## ਰਿਵੀਊ ਡਿਵੀਜ਼ਨ ਕੀ ਹੈ?

ਰਿਵੀਊ ਡਿਵੀਜ਼ਨ ਵਰਕਸੇਫ਼ਬੀਸੀ ਦਾ ਹੀ ਹਿੱਸਾ ਹੈ ਪਰ ਇਹ ਵਰਕਸੇਫ਼ਬੀਸੀ ਦੇ ਕਾਰੋਬਾਰੀ ਡਿਵੀਜ਼ਨਜ਼ ਤੋਂ ਮੁਕਤ ਹੈ।

ਤੁਹਾਡੇ ਫ਼ਾਇਦਿਆਂ ਦੇ ਕਲੇਮਾਂ ਬਾਰੇ ਵਰਕਸੇਫ਼ਬੀਸੀ ਵਲੋਂ ਕੀਤੇ ਫ਼ੈਸਲਿਆਂ ਦੀ ਨਜ਼ਰਸਾਨੀ ਕਰਨ ਲਈ ਰਿਵੀਊ ਡਿਵੀਜ਼ਨ ਦੀ ਸਥਾਪਨਾ ਗਈ ਸੀ।ਰਿਵੀਊ ਡਿਵੀਜ਼ਨ ਕੋਲ ਇਹ ਅਧਿਕਾਰ ਹੈ ਕਿ ਵਰਕਸੇਫਬੀਸੀ ਵਲੋਂ ਕੀਤੇ ਫ਼ੈਸਲਿਆਂ ਨੂੰ ਬਦਲ ਸਕੇ। ਪਰ ਰਿਵੀਊ ਡਿਵੀਜ਼ਨ ਇਹ ਤਾਂ ਹੀ ਕਰੇਗਾ ਜੇ ਫ਼ੈਸਲਾ ਵਰਕਸੇਫ਼ਬੀਸੀ ਦੀਆਂ ਪਾਲਿਸੀਆਂ ਅਤੇ ਕਾਨੂੰਨ ਦੇ ਅਨੁਸਾਰ ਨਹੀਂ, ਜੇ ਸਬੂਤਾਂ ਨੂੰ ਸਹੀ ਮਹੱਤਵ ਨਹੀਂ ਦਿੱਤਾ ਜਾਂ ਕੋਈ ਖਾਸ ਨਵਾਂ ਸਬੂਤ ਹੈ ਜੋ ਪਹਿਲੇ ਫ਼ੈਸਲੇ ਨੂੰ ਬਦਲਣ ਵਿੱਚ ਮਦਦ ਕਰਦਾ ਹੈ। ਰਿਵੀਊ ਡਿਵੀਜ਼ਨ ਦੇ ਫ਼ੈਸਲੇ ਰਿਵੀਊ ਅਫ਼ਸਰ ਹੀ ਕਰਦੇ ਹਨ।

## ਕੀ ਮੈਂ ਆਪਣੇ ਕਲੇਮ ਦੇ ਕਿਸੇ ਵੀ ਫ਼ੈਸਲੇ ਦੀ ਨਜ਼ਰਸਾਨੀ ਬਾਰੇ ਬੇਨਤੀ ਕਰ ਸਕਦਾ ਹਾਂ?

ਜੇਕਰ ਤੁਸੀਂ ਆਪਣੇ ਕਲੇਮ ਨੂੰ ਦੁਬਾਰਾ ਖੋਲ੍ਹਣ ਦੀ ਬੇਨਤੀ ਕੀਤੀ ਸੀ ਤਾਂ ਉਸ ਤੇ ਹੋਏ ਫ਼ੈਸਲੇ ਤੋਂ ਇਲਾਵਾ ਤੁਸੀਂ ਮੁਆਵਜ਼ੇ ਅਤੇ ਬਹਾਲੀ ਦੇ ਫ਼ਾਇਦਿਆਂ ਬਾਰੇ ਵਰਕਸੇਫ਼ਬੀਸੀ ਵਲੋਂ ਕੀਤੇ ਫ਼ੈਸਲਿਆਂ ਦੀ ਨਜ਼ਰਸਾਨੀ ਲਈ ਬੇਨਤੀ ਕਰ ਸਕਦੇ ਹੋ। ਨਜ਼ਰਸਾਨੀ ਦੀ ਬੇਨਤੀ ਲਈ 90 ਦਿਨਾਂ ਦੀ ਮਿਆਦ ਹੈ।

ਜੇਕਰ ਤੁਹਾਡਾ ਵਿਵਾਦ ਫ਼ੈਸਲੇ ਨੂੰ ਦੁਬਾਰਾ ਖੋਲ੍ਹਣ ਬਾਰੇ ਹੈ ਜਿਸ ਲਈ ਤੁਸੀਂ ਬੇਨਤੀ ਕੀਤੀ ਸੀ ਤਾਂ ਵਰਕਰਜ਼ ਕੰਪੈਨਸੇਸ਼ਨ ਅਪੀਲ ਟ੍ਰਿਬਿਊਨਲ (WCAT) ਨੂੰ ਅਪੀਲ ਕਰਨ ਦਾ ਤੁਹਾਨੂੰ ਹੱਕ ਹੈ। ਤੁਹਾਨੂੰ ਇਹ ਵੀ ਹੱਕ ਹੈ ਕਿ ਰਿਵੀਊ ਡਿਵੀਜ਼ਨ ਕੋਲ ਜਾਣ ਤੋਂ ਬਗੈਰ ਤੁਸੀਂ WCAT ਕੋਲ ਤੁਹਾਡੇ ਵਿਰੁਧ ਹੋਏ ਫ਼ੈਸਲਿਆਂ ਅਤੇ ਵਿਤਕਰਿਆਂ ਬਾਰੇ ਅਪੀਲ ਕਰ ਸਕਦੇ ਹੋ। ਕਲੇਮ ਦੁਬਾਰਾ ਖੋਲਣ ਬਾਰੇ ਅਪੀਲ WCAT ਕੋਲ ਕਰਨ ਲਈ ਤੁਹਾਡੇ ਕੋਲ 90 ਦਿਨਾਂ ਦਾ ਸਮਾਂ ਹੈ।ਵੇਖੋ ਤੱਥ ਸ਼ੀਟ *ਵਰਕਰਜ਼ ਕੰਪੈਨਸੇਸ਼ਨ ਅਪੀਲ ਟ੍ਰਿਬਿਊਨਲ (WCAT) ਨੂੰ ਅਪੀਲ*

## ਡਿਸਕਲੋਜ਼ਰ

ਤੁਹਾਨੂੰ ਵਰਕਸੇਫ਼ਬੀਸੀ ਕਲੇਮ ਫ਼ਾਈਲ ਦੀ ਪੂਰੀ ਕਾਪੀ ਮਿਲਣੀ ਤੁਹਾਡਾ ਹੱਕ ਹੈ। ਇਸ ਨੂੰ "ਡਿਸਕਲੋਜ਼ਰ" ਕਹਿੰਦੇ ਹਨ।

ਜੇ ਤੁਸੀਂ ਵਰਕਸੇਫ਼ਬੀਸੀ ਦੇ ਫ਼ੈਸਲੇ ਦੀ ਨਜ਼ਰਸਾਨੀ ਬਾਰੇ ਸੋਚ ਰਹੇ ਹੋ ਤਾਂ ਨਜ਼ਰਸਾਨੀ ਦੀ ਬੇਨਤੀ ਤੋਂ ਪਹਿਲਾਂ ਤੁਸੀਂ ਇਸ ਫ਼ਾਈਲ ਦੀ ਕਾਪੀ ਲਈ ਬੇਨਤੀ ਕਰ ਸਕਦੇ ਹੋ।ਤੁਹਾਨੂੰ ਇਹ ਬੇਨਤੀ ਲਿਖਤੀ ਰੂਪ ਵਿੱਚ ਕਰਨੀ ਚਾਹੀਦੀ ਹੈ। ਅਸੀਂ ਸਿਫ਼ਾਰਿਸ਼ ਕਰਦੇ ਹਾਂ ਕਿ ਤੁਸੀਂ ਡਿਸਕਲੋਜ਼ਰ ਲਈ ਬੇਨਤੀ ਫ਼ਾਰਮ ਭਰੋ। ਤੁਸੀਂ ਆਪਣੀ ਬੇਨਤੀ ਹੇਠ ਲਿਖੇ ਪਤੇ ਤੇ ਡਾਕ ਰਾਹੀਂ ਭੇਜੋ ਜਾਂ ਫ਼ੈਕਸ ਕਰੋ:

Disclosures Department
Compensation Services Division
WorkSafeBC
Box 5350, Station Terminal
Vancouver BC V6B 5L5
ਫ਼ੈਕਸ: 604 276-3102

ਜਦੋਂ ਤੁਸੀਂ ਰਿਵੀਊ ਲਈ ਬੇਨਤੀ ਫ਼ਾਰਮ ਭਰਦੇ ਹੋ ਤਾਂ ਰਿਵੀਊ ਡਿਵੀਜ਼ਨ ਆਪਣੇ ਆਪ ਕਲੇਮ ਫ਼ਾਈਲ ਦੀ ਪੂਰੀ ਨਕਲ ਭੇਜ ਦੇਵੇਗਾ। ਤੁਸੀਂ ਆਪਣੀ ਫ਼ਾਈਲ ਦੀ ਪੇਪਰ ਕਾਪੀ ਜਾਂ ਜੇ ਤੁਸੀਂ ਪਸੰਦ ਕਰੋ ਤਾਂ CD-ROM ਤੇ ਵੀ ਕਲੇਮ ਫ਼ਾਈਲ ਮੰਗ ਸਕਦੇ ਹੋ।

ਡਿਸਕਲੋਜ਼ਰ ਆਮ ਤੌਰ ਤੇ 10 ਦਿਨਾਂ ਅੰਦਰ ਮਿਲ ਜਾਂਦਾ ਹੈ। ਜੇ ਤੁਹਾਨੂੰ ਫ਼ਾਈਲ ਨਹੀਂ ਮਿਲਦੀ ਤਾਂ ਤੁਹਾਨੂੰ ਡਿਸਕਲੋਜ਼ਰ ਡਿਪਾਰਟਮੈਂਟ ਨੂੰ ਲੋਅਰ ਮੇਨਲੈਂਡ ਫ਼ੋਨ ਨੰ: 604 279-7607 ਜਾਂ ਬੀ.ਸੀ. ਵਿੱਚੋਂ ਮੁਫ਼ਤ ਫ਼ੋਨ ਨੰ: 1 800 661-2112 ਤੇ ਸੰਪਰਕ ਕਰੋ।.

## ਮੈਂ ਰਿਵੀਊ ਲਈ ਬੇਨਤੀ ਫ਼ਾਰਮ ਕਿਵੇਂ ਭਰਾਂ?

ਰਿਵੀਊ ਲਈ ਬੇਨਤੀ ਫ਼ਾਰਮ ਵਰਕਸੇਫ਼ਬੀਸੀ ਦੇ ਦਫ਼ਤਰ ਵਿੱਚੋਂ ਅਤੇ ਵਰਕਸੇਫ਼ਬੀਸੀ ਦੀ ਵੈਬਸਾਈਟ ਤੇ ਜਾਂ ਵਰਕਰਜ਼ ਐਡਵਾਈਜ਼ਰ ਆਫ਼ਿਸ ਜਾਂ ਸਾਡੀ ਵੈਬਸਾਈਟ (www.labour.gov.bc.ca/wab) ਤੋਂ ਮਿਲ ਸਕਦਾ ਹੈ।

ਤੁਸੀਂ ਪਹਿਲਾਂ ਇਹ ਸੁਨਿਸ਼ਚਿਤ ਕਰ ਲਵੋ ਕਿ ਜਿਸ ਫ਼ੈਸਲੇ ਦੀ ਨਜ਼ਰਸਾਨੀ ਕਰਵਾਉਣਾ ਚਾਹੁੰਦੇ ਹੋ ਉਸ ਵਿੱਚ ਤੁਹਾਡੇ ਵਲੋਂ ਮੰਗੀਆਂ ਗਈਆਂ ਸਹੂਲਤਾਂ ਅਤੇ ਸੇਵਾਵਾਂ ਨੂੰ ਅਸਵੀਕਾਰ ਕੀਤਾ ਗਿਆ ਹੈ। ਜੇ ਇਹ ਨਹੀਂ ਤਾਂ ਅਸੀਂ ਸਲਾਹ ਦਿੰਦੇ ਹਾਂ ਕਿ ਤੁਸੀਂ ਵਰਕਸੇਫ਼ਬੀਸੀ ਨੂੰ ਫ਼ੋਨ ਕਰੋ ਜਾਂ ਲਿਖੋ ਕਿ ਜੋ ਤੁਸੀਂ ਸਮਝਦੇ ਹੋ ਕਿ ਤੁਹਾਨੂੰ ਮਿਲਨਾ ਚਾਹੀਦਾ ਹੈ ਉਸ ਬਾਰੇ ਨਵਾਂ ਫ਼ੈਸਲਾ ਦੇਵੇ।

ਜੇ ਤੁਹਾਡਾ ਇੱਕ ਤੋਂ ਵੱਧ ਫ਼ੈਸਲਿਆਂ ਦਾ ਵਿਵਾਦ ਹੈ ਤਾਂ ਹਰ ਇੱਕ ਫ਼ੈਸਲੇ ਦੀ ਨਜ਼ਰਸਾਨੀ ਲਈ ਵੱਖਰੇ ਵੱਖਰੇ ਰਿਵੀਊ ਲਈ ਬੇਨਤੀ ਫ਼ਾਰਮ ਭਰਕੇ ਭੇਜਣੇ ਚਾਹੀਦੇ ਹਨ।

ਰਿਵੀਊ ਲਈ ਬੇਨਤੀ ਫ਼ਾਰਮ ਤੁਹਾਨੂੰ ਆਪ ਦਸਖ਼ਤ ਕਰਨਾ ਚਾਹੀਦਾ ਹੈ। ਜੇ ਤੁਹਾਡਾ ਨੁਮਾਇੰਦਾ ਜੇਕਰ ਉਹ ਵਰਕਰਜ਼ ਐਡਵਾਈਜ਼ਰ ਨਹੀਂ ਤਾਂ ਰਿਵੀਊ ਲਈ ਬੇਨਤੀ ਫ਼ਾਰਮ ਤੇ ਦਸਖ਼ਤ ਕਰਨ ਲਈ ਤੁਹਾਡੇ ਵਲੋਂ ਦਸਖ਼ਤ ਕੀਤਾ ਮੁਖਤਾਰਨਾਮਾ ਉਸ ਨੂੰ ਨਾਲ ਨੱਥੀ ਕਰਨਾਂ ਚਾਹੀਦਾ ਹੈ।

ਯਾਦ ਰੱਖਣਾ ਵਰਕਸੇਫ਼ਬੀਸੀ ਦੇ ਫ਼ੈਸਲੇ ਦੇ **90 ਦਿਨਾਂ** ਦੇ ਅੰਦਰ ਰਿਵੀਊ ਡਿਵੀਜ਼ਨ ਨੂੰ ਇਹ ਫ਼ਾਰਮ ਦੇ ਦੇਣਾ ਚਾਹੀਦਾ ਹੈ।

## ਮੈਂ ਫੈਸਲੇ ਦੀ ਨਜ਼ਰਸਾਨੀ ਲਈ ਕਿਵੇਂ ਬੇਨਤੀ ਕਰਾਂ?

ਵਰਕਸੇਫ਼ਬੀਸੀ ਦੇ ਫੈਸਲੇ ਦੀ ਚਿੱਠੀ ਦੀ ਤਾਰੀਖ਼ ਦੇ 90 ਦਿਨਾਂ ਦੇ ਅੰਦਰ ਤੁਹਾਨੂੰ ਨਜ਼ਰਸਾਨੀ ਲਈ ਬੇਨਤੀ ਫਾਰਮ ਭਰ ਕੇ ਅਤੇ ਦਸਖ਼ਤ ਕਰਕੇ ਰਿਵੀਊ ਡਿਵੀਜ਼ਨ ਨੂੰ ਭੇਜ ਦੇਣਾ ਚਾਹੀਦਾ ਹੈ। ਇਸਦੇ ਨਾਲ ਵਰਕਸੇਫ਼ਬੀਸੀ ਦੇ ਜਿਸ ਫ਼ੈਸਲੇ ਦੀ ਨਜ਼ਰਸਾਨੀ ਕਰਵਾਉਣਾ ਚਾਹੁੰਦੇ ਹੋ ਉਸ ਫ਼ੈਸਲੇ ਦੀ ਨਕਲ ਵੀ ਨੱਥੀ ਕਰ ਦਿਓ।

ਰਿਵੀਊ ਡਿਵੀਜ਼ਨ ਨੂੰ ਨਜ਼ਰਸਾਨੀ ਲਈ ਬੇਨਤੀ ਹੇਠ ਲਿਖੇ ਪਤੇ ਤੇ ਡਾਕ ਰਾਹੀਂ ਜਾਂ ਫ਼ੈਕਸ ਰਾਹੀਂ ਭੇਜ ਸਕਦੇ ਹੋ।

Review Division  
WorkSafeBC  
PO Box 2071 Stn Terminal  
Vancouver BC V6B 3S3  
ਫ਼ੋਨ: 604-214-5411 ਮੁਫ਼ਤ ਫ਼ੋਨ: 1-888-922-8804 ਫ਼ੈਕਸ: 604-232-7747

ਤੁਸੀਂ ਬੀ. ਸੀ. ਵਿੱਚ ਵਰਕਸੇਫ਼ਬੀਸੀ ਦੇ ਕਿਸੇ ਦਫ਼ਤਰ ਵਿੱਚ ਵੀ ਫਾਰਮ ਦੇ ਸਕਦੇ ਹੋ। ਜੇ ਤੁਸੀਂ ਇਸ ਤਰਾਂ ਕਰਦੇ ਹੋ ਤਾਂ ਅਸੀਂ ਸਿਫ਼ਾਰਿਸ਼ ਕਰਦੇ ਹਾਂ ਕਿ ਆਪਣਾ ਫ਼ਾਰਮ ਦੇਣ ਦਾ ਟਾਈਮ ਅਤੇ ਤਾਰੀਖ਼ ਦਰਸਾਉਂਦੀ ਹੋਈ ਰਸੀਦ ਜ਼ਰੂਰ ਲੈ ਲਵੋ।

ਵਧੀਆ ਤਰੀਕਾ: ਇੱਕ ਵਾਰ ਜਦੋਂ ਤੁਸੀਂ ਰਿਵੀਊ ਡਿਵੀਜ਼ਨ ਨੂੰ ਨਜ਼ਰਸਾਨੀ ਲਈ ਬੇਨਤੀ ਪੱਤਰ ਭੇਜ ਦਿੰਦੇ ਹੋ ਤਾਂ ਰਿਵੀਊ ਡਿਵੀਜ਼ਨ ਤੁਹਾਨੂੰ ਤੁਹਾਡੇ ਕੇਸ ਦੀ ਮਜ਼ਬੂਤੀ ਲਈ 28 ਦਿਨਾਂ ਦੇ ਅੰਦਰ ਹੋਰ ਸਬੂਤ ਭੇਜਣ ਲਈ ਕਹੇਗਾ। ਹੋ ਸਕਦਾ ਹੈ ਕਿ ਜ਼ਰੂਰੀ ਸਬੂਤ ਇਕੱਠੇ ਕਰਨ ਵਾਸਤੇ ਤੁਹਾਡੇ ਲਈ ਇਹ ਸਮਾਂ ਕਾਫ਼ੀ ਨਾ ਹੋਵੇ।

ਸਾਡਾ ਦਫ਼ਤਰ ਇਹ ਸਿਫ਼ਾਰਿਸ਼ ਕਰਦਾ ਹੈ ਕਿ ਤੁਸੀਂ ਆਪਣੇ ਕਲੇਮ ਫ਼ਾਈਲ ਦੀ ਨਕਲ ਮੰਗੋ ਅਤੇ ਇਹ ਤੁਸੀਂ ਨਜ਼ਰਸਾਨੀ ਲਈ ਬੇਨਤੀ ਫ਼ਾਰਮ ਨਾਲ 90 ਦਿਨਾਂ ਦੇ ਅੰਦਰ ਭੇਜਣ ਦੀ ਮਿਆਦ ਤੋਂ ਜ਼ਰਾ ਪਹਿਲਾਂ ਭੇਜਣ ਬਾਰੇ ਸੋਚੋ। ਇਸ ਤਰਾਂ ਨਜ਼ਰਸਾਨੀ ਦੀ ਪ੍ਰਕਿਰਿਆ ਸ਼ੁਰੂ ਹੋਣ ਤੋਂ ਪਹਿਲਾਂ ਤੁਹਾਡੇ ਕੋਲ ਹੋਰ ਸਬੂਤ ਇਕੱਠੇ ਕਰਨ ਦਾ ਵਾਧੂ ਸਮਾਂ ਮਿਲ ਜਾਵੇਗਾ। ਅਗਰ ਤੁਸੀਂ ਇਸ ਤਰਾਂ ਕਰਦੇ ਹੋ ਤਾਂ **ਇਹ ਸੁਨਿਸ਼ਚਿਤ ਕਰੋ ਕਿ ਸਮੇਂ ਦੀ ਮਿਆਦ ਨਾ ਲੰਘ ਜਾਵੇ।**

## ਜੇ ਮੇਰੀ ਬੇਨਤੀ ਨੂੰ ਦੇਰ ਹੋ ਜਾਵੇ ਤਾਂ ਕੀ ਹੋਵੇਗਾ?

ਜੇ ਰਿਵੀਊ ਡਿਵੀਜ਼ਨ ਨੂੰ ਤੁਹਾਡਾ ਨਜ਼ਰਸਾਨੀ ਲਈ ਬੇਨਤੀ ਫ਼ਾਰਮ ਸਮੇਂ ਦੀ ਮਿਆਦ ਵਿੱਚ ਨਹੀਂ ਮਿਲਦਾ ਤਾਂ ਨਜ਼ਰਸਾਨੀ ਸ਼ੁਰੂ ਨਹੀਂ ਹੋਵੇਗੀ। ਤੁਹਾਨੂੰ ਸਮੇਂ ਦੀ ਮਿਆਦ ਵਧਾਉਣ ਲਈ ਬੇਨਤੀ ਕਰਨੀ ਪਵੇਗੀ।

ਮੁੱਖ ਰਿਵੀਊ ਅਫਸਰ ਤੁਹਾਡੀ ਬੇਨਤੀ ਨੂੰ ਪ੍ਰਵਾਨ ਕਰਨ ਲਈ ਵਿਚਾਰ ਕਰੇਗਾ ਜੇਕਰ ਫ਼ਾਰਮ ਕਿਸੇ ਖਾਸ ਵਜ੍ਹਾ ਕਰਕੇ ਲੇਟ ਹੋਇਆ ਹੈ ਅਤੇ ਤੁਸੀਂ ਇਹ ਸਮਝਾ ਸਕਦੇ ਹੋ ਕਿ ਤੁਹਾਡੀ ਬੇਨਤੀ ਨਾ ਮੰਨਣ ਕਾਰਨ ਬੇਇਨਸਾਫ਼ੀ ਹੋਵੇਗੀ। ਤੁਹਾਨੂੰ ਇਹ ਲਿਖਤੀ ਰੂਪ ਵਿੱਚ ਦੱਸਣਾ ਪਵੇਗਾ ਕਿ ਤੁਹਾਡੀ ਬੇਨਤੀ ਕਿਉਂ ਲੇਟ ਹੋਈ ਅਤੇ ਫ਼ੈਸਲੇ ਦੀ ਨਜ਼ਰਸਾਨੀ ਜੇ ਨਾ ਕੀਤੀ ਗਈ ਤਾਂ ਕੀ ਬੇਇਨਸਾਫ਼ੀ ਹੋਵੇਗੀ। ਆਪਣਾ ਸਪਸ਼ਟੀਕਰਨ ਰਿਵੀਊ ਲਈ ਬੇਨਤੀ ਫ਼ਾਰਮ ਨਾਲ ਨੱਥੀ ਕਰਨਾਂ ਚਾਹੀਦਾ ਹੈ।

ਇਸ ਗਲ ਦੀ ਕੋਈ ਗਰੰਟੀ ਨਹੀਂ ਕਿ ਮਿਆਦ ਵਧਾਈ ਜਾਵੇਗੀ ਬੇਸ਼ੱਕ ਤੁਹਾਡੇ ਕੋਲ ਸਮਾਂ ਵਧਾਉਣ ਲਈ ਚੰਗੇ ਕਾਰਨ ਹਨ ਅਤੇ ਇਹ ਸਪਸ਼ਟ ਕਰ ਸਕਦੇ ਹੋ ਕਿ ਸਮਾਂ ਨਾ ਵਧਾਉਣ ਨਾਲ ਕਿਉਂ ਬੇਇਨਸਾਫ਼ੀ ਹੋਵੇਗੀ। ਮੁੱਖ ਰਿਵੀਊ ਅਫਸਰ ਆਪਣੇ ਅਧਿਕਾਰ ਵਰਤ ਕੇ ਮਿਆਦ ਵਧਾਉਣ ਦੀ ਤੁਹਾਡੀ ਬੇਨਤੀ ਨਾਮਨਜ਼ੂਰ ਕਰ ਸਕਦਾ ਹੈ।

## ਕੌਣ ਮਦਦ ਕਰ ਸਕਦਾ ਹੈ?

*ਤੁਹਾਡੀ ਟਰੇਡ ਯੂਨੀਅਨ*

ਜੇ ਤੁਸੀਂ ਟਰੇਡ ਯੂਨੀਅਨ ਦੇ ਮੈਂਬਰ ਹੋ, ਟਰੇਡ ਯੂਨੀਅਨ ਵਿੱਚ ਕੁਝ ਲੋਕ ਹੋ ਸਕਦੇ ਹਨ ਜੋ ਤੁਹਾਡੇ ਰਿਵੀਊ ਕੇਸ ਵਿੱਚ ਮਦਦ ਕਰ ਸਕਦੇ ਹੋਣ। ਆਪਣੀ ਟਰੇਡ ਯੂਨੀਅਨ ਤੋਂ ਪਤਾ ਕਰੋ।

*ਕਾਮਿਆਂ ਦੇ ਸਲਾਹਕਾਰ*

ਵਰਕਰਜ਼ ਐਡਵਾਈਜ਼ਰਜ਼ ਆਫ਼ਿਸ ਤੁਹਾਨੂੰ ਸਲਾਹ ਅਤੇ ਮਦਦ ਦੇ ਸਕਦਾ ਹੈ। ਵਰਕਰਜ਼ ਐਡਵਾਈਜ਼ਰ ਤੁਹਾਡਾ ਨੁਮਾਇੰਦਾ ਵੀ ਬਣ ਸਕਦਾ ਹੈ। ਇਹ ਸੇਵਾ ਮੁਫ਼ਤ ਹੈ।

## ਕੀ ਮੈਨੂੰ ਵਕੀਲ ਦੀ ਲੋੜ ਹੈ?

ਜ਼ਿਆਦਾਤਰ ਲੋਕਾਂ ਨੂੰ ਫ਼ੈਸਲੇ ਦੀ ਨਜ਼ਰਸਾਨੀ ਲਈ ਵਕੀਲ ਦੀ ਲੋੜ ਨਹੀਂ ਹੁੰਦੀ। ਜੇ ਤੁਸੀਂ ਸਮਝਦੇ ਹੋ ਕਿ ਤੁਹਾਨੂੰ ਵਕੀਲ ਚਾਹੀਦਾ ਹੈ ਤਾਂ ਵਕੀਲਾਂ ਦੀ ਰੈਫ਼ਰਲ ਸਰਵਿਸ ਨਾਲ ਮਿਲਾਪ ਕਰੋ। ਨਜ਼ਰਸਾਨੀ ਦੇ ਕੇਸ ਵਿੱਚ ਤੁਸੀਂ ਜਿੱਤੋ ਜਾਂ ਹਾਰੋ ਵਰਕਸੇਫ਼ਬੀਸੀ ਦੀ ਇਹ ਨੀਤੀ ਨਹੀਂ ਕਿ ਵਕੀਲਾਂ ਦੀਆਂ ਫ਼ੀਸਾਂ ਦਿੱਤੀਆਂ ਜਾਣ।

## ਜੇ ਮੈਂ ਅੰਗ੍ਰੇਜ਼ੀ ਨਹੀਂ ਬੋਲ ਸਕਦਾ ਤਾਂ?

ਜੇ ਤੁਸੀਂ ਅੰਗ੍ਰੇਜ਼ੀ ਨਹੀਂ ਬੋਲਦੇ ਅਤੇ ਮਦਦ ਦੀ ਲੋੜ ਹੈ ਤਾਂ ਆਪਣੇ ਕਿਸੇ ਦੋਸਤ, ਆਪਣੇ ਕਮਿਊਨਿਟੀ ਸੈਂਟਰ ਜਾਂ ਇਮੀਗ੍ਰੇਸ਼ਨ ਸਰਵਿਸ ਸੰਸਥਾ ਨੂੰ ਸੰਪਰਕ ਕਰੋ ਜੋ ਤੁਹਾਡੇ ਲਈ ਉਲਥਾ ਕਰਨ ਵਾਲੇ ਦੀ ਭਾਲ ਕਰੇ।

ਜੇ ਤੁਹਾਨੂੰ ਦੁਭਾਸ਼ੀਏ ਦੀ ਮਦਦ ਦੀ ਜ਼ਰੂਰਤ ਹੈ ਤਾਂ ਰਿਵੀਊ ਡਿਵੀਜ਼ਨ ਨੂੰ ਦੱਸੋ। ਜੇ ਰਿਵੀਊ ਡਿਵੀਜ਼ਨ ਨਾਲ ਮੀਟਿੰਗ ਦੀ ਲੋੜ ਹੋਈ ਤਾਂ ਰਿਵੀਊ ਡਿਵੀਜ਼ਨ ਤੁਹਾਡੇ ਲਈ ਦੁਭਾਸ਼ੀਏ ਦੇ ਹਾਜ਼ਰ ਹੋਣ ਦਾ ਬੰਦੋਬਸਤ ਵੀ ਕਰੇਗਾ ਅਤੇ ਉਸ ਦੀ ਫ਼ੀਸ ਵੀ ਦੇਵੇਗਾ।

## ਮੇਰੇ ਕੇਸ ਦੀ ਨਜ਼ਰਸਾਨੀ ਤੇ ਵਿਚਾਰ ਕਿਵੇਂ ਕੀਤੀ ਜਾਵੇਗੀ ਅਤੇ ਕਿਵੇਂ ਫ਼ੈਸਲਾ ਕੀਤਾ ਜਾਵੇਗਾ?

ਤਕਰੀਬਨ ਸਾਰਿਆਂ ਮੁਆਮਲਿਆਂ ਵਿੱਚ "ਪੜ੍ਹੋ ਅਤੇ ਰਿਵੀਊ ਕਰੋ" ਤਰੀਕੇ ਨਾਲ ਨਜ਼ਰਸਾਨੀ ਕੀਤੀ ਜਾਵੇਗੀ। ਬਹੁਤ ਥੋੜੇ ਟਾਂਵਿਆਂ ਮੁਆਮਲਿਆਂ ਵਿੱਚ ਰਿਵੀਊ ਅਫ਼ਸਰ "ਜ਼ਬਾਨੀ ਸੁਣਵਾਈ" ਦੇ ਤਰੀਕੇ ਨਾਲ ਫ਼ੈਸਲਾ ਕਰ ਸਕਦਾ ਹੈ।

"ਪੜ੍ਹੋ ਅਤੇ ਰਿਵੀਊ ਕਰੋ" ਦਾ ਮਤਲਬ ਹੈ ਕਿ ਰਿਵੀਊ ਅਫ਼ਸਰ ਰਸਮੀ ਸੁਣਵਾਈ ਤੋਂ ਬਗੈਰ ਤੁਹਾਡੀ ਫ਼ਾਈਲ ਨੂੰ ਪੜ੍ਹੇਗਾ ਅਤੇ ਫ਼ੈਸਲਾ ਕਰੇਗਾ।

ਰਿਵੀਊ ਅਫ਼ਸਰ ਨੂੰ ਚਿੱਠੀ ਲਿਖ ਕੇ ਤੁਸੀਂ ਆਪਣਾ ਪੱਖ ਦਸ ਸਕਦੇ ਹੋ। ਤੁਸੀਂ ਇਹ ਸਪਸ਼ਟ ਕਰ ਸਕਦੇ ਹੋ ਕਿ ਜਿਹੜੇ ਫ਼ਾਇਦੇ ਤੁਸੀਂ ਮੰਗ ਰਹੇ ਹੋ ਉਹ ਤੁਹਾਨੂੰ ਕਿਉਂ ਮਿਲਨੇ ਚਾਹੀਦੇ ਹਨ। ਇਸ ਨੂੰ ਲਿਖਤੀ ਬੇਨਤੀ ਕਹਿੰਦੇ ਹਨ। ਆਪਣੇ ਕੇਸ ਦੀ ਪੁਸ਼ਟੀ ਵਿੱਚ ਤੁਸੀਂ ਰਿਵੀਊ ਅਫ਼ਸਰ ਨੂੰ ਜ਼ਿਆਦਾ ਜਾਣਕਾਰੀ ਅਤੇ ਸਬੂਤ ਲਿਖਤੀ ਰੂਪ ਵਿੱਚ ਭੇਜ ਸਕਦੇ ਹੋ।

ਰਿਵੀਊ ਡਿਵੀਜ਼ਨ ਹੋਰ ਲਿਖਤੀ ਜਾਣਕਾਰੀ ਅਤੇ ਬੇਨਤੀ ਲਈ ਤੁਹਾਨੂੰ ਚਿੱਠੀ ਪਾਵੇਗਾ। ਇਸ ਚਿੱਠੀ ਵਿੱਚ ਇਹ ਵੀ ਦੱਸਿਆ ਜਾਵੇਗਾ ਕਿ ਤੁਹਾਡੀ ਜਾਣਕਾਰੀ ਅਤੇ ਬੇਨਤੀ ਕਿਸ ਤਾਰੀਖ ਤੱਕ ਪਹੁੰਚ ਜਾਣੀ ਚਾਹੀਦੀ ਹੈ। ਤੁਹਾਡੇ ਮਾਲਕ ਨੂੰ ਵੀ ਹਿੱਸਾ ਲੈਣ ਲਈ ਬੁਲਾਇਆ ਜਾਵੇਗਾ।

ਹੋਰ ਜਾਣਕਾਰੀ ਲੈਣ ਲਈ ਰਿਵੀਊ ਅਫ਼ਸਰ ਟੈਲੀਫ਼ੋਨ ਤੇ ਵੀ ਤੁਹਾਡੇ ਨਾਲ ਸੰਪਰਕ ਕਰ ਸਕਦਾ ਹੈ ਜਾਂ ਤੁਹਾਡੇ ਨਾਲ ਰਸਮੀ ਮੀਟਿੰਗ ਦਾ ਬੰਦੋਬਸਤ ਕਰ ਸਕਦਾ ਹੈ।

## ਮੈਨੂੰ ਕਿੰਨੀ ਦੇਰ ਇੰਤਜ਼ਾਰ ਕਰਨਾਂ ਪਵੇਗਾ?

ਰਿਵੀਊ ਡਿਵੀਜ਼ਨ ਨੂੰ ਜਦੋਂ ਤੁਹਾਡਾ ਨਜ਼ਰਸਾਨੀ ਲਈ ਬੇਨਤੀ ਫ਼ਾਰਮ ਮਿਲ ਜਾਂਦਾ ਹੈ ਉਸਦੇ 150 ਦਿਨਾਂ ਅੰਦਰ ਰਿਵੀਊ ਅਫ਼ਸਰ ਫ਼ੈਸਲਾ ਕਰ ਦਿੰਦਾ ਹੈ। ਰਿਵੀਊ ਅਫ਼ਸਰ ਆਪਣਾ ਫ਼ੈਸਲਾ ਚਿੱਠੀ ਰਾਹੀਂ ਭੇਜੇਗਾ।
ਜੇ ਹੋਰ ਵਕਤ ਚਾਹੀਦਾ ਹੋਇਆ ਤਾਂ ਰਿਵੀਊ ਅਫ਼ਸਰ ਮੁੱਖ ਰਿਵੀਊ ਅਫ਼ਸਰ ਨੂੰ ਸਮਾਂ ਸੀਮਾ ਵਧਾਉਣ ਲਈ ਲਿਖੇਗਾ। ਮੁੱਖ ਰਿਵੀਊ ਅਫ਼ਸਰ ਤਾਂ ਹੀ ਸਹਿਮਤ ਹੋਵੇਗਾ ਜੇ ਤੁਹਾਡਾ ਕੇਸ ਬਹੁਤ ਜਟਿਲ ਹੈ।

## ਫਿਰ ਇਸ ਤੋਂ ਬਾਅਦ ਕੀ ਹੋਵੇਗਾ?

ਜੇ ਰਿਵੀਊ ਅਫ਼ਸਰ ਤੁਹਾਡੇ ਹੱਕ ਵਿੱਚ ਫ਼ੈਸਲਾ ਬਦਲ ਦਿੰਦਾ ਹੈ ਤਾਂ ਉਸ ਵਲੋਂ ਹੁਕਮ ਕੀਤੇ ਗਏ ਫ਼ਾਇਦੇ ਤੁਹਾਨੂੰ ਦੇਣ ਲਈ ਉਹ ਤੁਹਾਡੀ ਫ਼ਾਈਲ ਬਹਾਲੀ ਸੇਵਾ ਡਿਵੀਜ਼ਨ (Compensation Services Division) ਨੂੰ ਭੇਜ ਦੇਵੇਗਾ।

ਜ਼ਿਆਦਾਤਰ ਮੁਆਮਲਿਆਂ ਵਿੱਚ ਜੇ ਰਿਵੀਊ ਅਫ਼ਸਰ ਤੁਹਾਡੇ ਹੱਕ ਵਿੱਚ ਫ਼ੈਸਲਾ ਨਹੀਂ ਕਰਦਾ ਤਾਂ ਤੁਸੀਂ ਵਰਕਰਜ਼ ਕੰਪੈਨਸੇਸ਼ਨ ਅਪੀਲ ਟ੍ਰਿਬਿਊਨਲ (WCAT) ਕੋਲ ਅਪੀਲ ਕਰ ਸਕਦੇ ਹੋ। ਇਹ ਨੋਟ ਕਰੋ ਕਿ WCAT ਕੋਲ ਅਪੀਲ ਕਰਨ ਲਈ 30 ਦਿਨਾਂ ਦੀ ਮਿਆਦ ਹੈ।

ਹੋਰ ਜਾਣਕਾਰੀ ਲਈ ਆਪਣੇ ਨਜ਼ਦੀਕੀ ਵਰਕਰਜ਼ ਐਡਵਾਜ਼ਰਜ਼ ਦੇ ਦਫ਼ਤਰ ਸੰਪਰਕ ਕਰੋ।